# 25

# ਤੁਸੀਂ ਖ਼ੁਦਾ ਨੂੰ ''ਮੈਂ ਤੈਨੂੰ ਪਿਆਰ ਕਰਦਾ/ ਕਰਦੀ ਹਾਂ'' ਕਿਵੇਂ ਆਖਦੇ ਹੋ?

## (12:1-8)

ਤੁਸੀਂ ਕਿਸੇ ਨੂੰ ''ਮੈਂ ਤੈਨੂੰ ਪਿਆਰ ਕਰਦੀ/ਕਰਦਾ ਹਾਂ'' ਕਿਵੇਂ ਆਖਦੇ ਹੋ? ਸਾਡੇ ਸਭ ਲਈ ਆਪਣੇ ਪਿਆਰ ਨੂੰ ਪਰਗਟ ਕਰਨਾ ਬੜਾ ਹੀ ਔਖਾ ਹੈ। ਮੇਰੇ ਮਾਤਾ ਪਿਤਾ ਦੱਸਦੇ ਸਨ ਕਿ ਜਦ ਮੈਂ ਪੰਜ ਸਾਲਾਂ ਦਾ ਸਾਂ ਤਾਂ ਮੈਂ ਕੇਟ ਨਾਮਕ ਇਕ ਛੋਟੀ ਕੁੜੀ ਨਾਲ ਬੜਾ ਪਿਆਰ ਕਰਦਾ ਸੀ, ਜੋ ਮੇਰੇ ਨਾਲ ਸੰਡੇ ਸਕੂਲ ਜਾਂਦੀ ਹੁੰਦੀ ਸੀ। ਇਕ ਰਾਤ ਜਦ ਅਸੀਂ ਬੰਦਗੀ ਦੇ ਬਾਅਦ ਚਰਚ ਬਿਲਡਿੰਗ ਤੋਂ ਘਰ ਆ ਰਹੇ ਸਾਂ, ਤਾਂ ਮੈਂ ਅਗਲੀ ਸੀਟ ਤੇ ਝੁਕਦੇ ਹੋਏ ਆਪਣੇ ਪਿਤਾ ਤੋਂ ਪੁੱਛਿਆ ਸੀ, ''ਡੈਡ, ਜਦ ਤੁਹਾਨੂੰ ਕਿਸੇ ਨਾਲ ਪਿਆਰ ਹੋ ਜਾਵੇ ਤਾਂ ਤੁਸੀਂ ਕੀ ਕਰਦੇ ਹੋ?'' ਉਨ੍ਹਾਂ ਦਾ ਜਵਾਬ ਸਾਫ਼ ਅਤੇ ਬੱਚੇ ਦੇ ਦਿਲ ਨੂੰ ਛੂਹਣ ਵਾਲਾ ਸੀ। ਉਨ੍ਹਾਂ ਕਿਹਾ ਸੀ, ''ਬੇਟਾ'' ''ਮੇਰੇ ਖ਼ਿਆਲ ਵਿਚ ਤੁਸੀਂ ਉਸ ਕੁੜੀ ਲਈ ਇਕ ਛੱਲਾ ਖਰੀਦੋਗੇ।'' ਬਾਅਦ ਵਿਚ ਉਸੇ ਹਫ਼ਤੇ ਮੇਰੇ ਮਾਤਾ ਪਿਤਾ ਮੈਨੂੰ ਇਕ ਦੁਕਾਨ ਤੇ ਲੈ ਗਏ ਅਤੇ ਅਸੀਂ ਉਹੀ ਕੀਤਾ। ਮੈਂ ਬੱਚਿਆਂ ਵਾਲਾ ਇਕ ਛੱਲਾ ਖਰੀਦਿਆ ਅਤੇ ਅਗਲੀ ਵਾਰ ਮਿਲਣ ਤੇ ਉਸ ਨੂੰ ਦੇ ਦਿੱਤਾ।

ਤੁਸੀਂ ਕਿਸੇ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਿਵੇਂ ਆਖਦੇ ਹੋ? ਇਕ ਵਾਰ ਮੈਂ ਬੁੱਧਵਾਰ ਦੀ ਰਾਤ ਬਾਈਬਲ ਸਟਡੀ ਵਿਚ ਕਾਲਜ ਦੇ ਵਿਦਿਆਰਥੀਆਂ ਤੋਂ ਪੁੱਛਿਆ ਕਿ ਉਨ੍ਹਾਂ ਨੇ ਪਿਆਰ ਦਾ ਇਜ਼ਹਾਰ ਕਿਵੇਂ ਵੇਖਿਆ ਹੈ। ਉਸ ਤੋਂ ਇਕ ਹਫ਼ਤਾ ਪਹਿਲਾਂ ਹੀ ਇਕ ਮੁੰਡੇ ਅਤੇ ਕੁੜੀ ਦੀ ਮੰਗਣੀ ਹੋਈ ਸੀ। ਉਨ੍ਹਾਂ ਵਿੱਚੋਂ ਇਕ ਨੇ ਦੱਸਿਆ ਕਿ ਜਦ ਕੁੜੀ ਆਪਣੀਆਂ ਸਹੇਲੀਆਂ ਦੀ ਇਕ ਬਹੁਤ ਵੱਡੀ ਟੋਲੀ ਨਾਲ ਘਿਰੀ ਹੋਈ ਸੀ ਤਾਂ ਉਹ ਅਚਾਨਕ ਆਪਣਾ ਸਭ ਤੋਂ ਵਧੀਆ ਸੂਟ ਪਾ ਕੇ ਆਇਆ। ਉੱਥੇ ਸਭ ਦੇ ਸਾਹਮਣੇ ਉਸ ਨੇ ਕੁੜੀ ਦਾ ਹੱਥ ਫੜ੍ਹਿਆ, ਉਸ ਦੇ ਅੱਗੇ ਝੁਕਿਆ ਅਤੇ ਉਸ ਕੋਲ ਵਿਆਹ ਦੀ ਪੇਸ਼ਕਸ਼ ਕੀਤੀ ਸੀ! (ਬੇਸ਼ੱਕ ਉਸ ਨੇ ''ਹਾਂ'' ਹੀ ਕਿਹਾ ਸੀ!)।

ਕਾਲਜ ਦੇ ਵਿਦਿਆਰਥੀਆਂ ਨੂੰ ਕਿਸੇ ਨੇ ਆਪਣਾ ਪਿਆਰ ਵਿਖਾਉਣ ਲਈ ਖਾਸ ਕਾਰਡ ਅਤੇ ਸੱਦੇ ਭੇਜੇ ਸਨ। ਇਕ ਕੁੜੀ ਨੇ ਯਾਦ ਕੀਤਾ ਕਿ ਉਸ ਦੇ ਪਿਤਾ ਨੇ ਆਪਣੀ ਪਤਨੀ ਦੇ ਔਖੇ ਸਮੇਂ ਵਿਚ ਉਸ ਨਾਲ ਆਪਣੇ ਪਿਆਰ ਨੂੰ ਵਿਖਾਉਣ ਲਈ ਕੀ ਕੀਤਾ ਸੀ। ਬਿਨਾਂ ਕੁਝ ਕਹੇ, ਉਹ ਘਰ ਸਾਫ਼ ਕਰਦਾ, ਇਸ ਤਰ੍ਹਾਂ ਆਪਣੀ ਪਤਨੀ ਦਾ ਕੁਝ ਭਾਰ ਵੰਡ ਲੈਂਦਾ ਸੀ। ਇਕ ਹੋਰ ਵਿਦਿਆਰਥੀ ਨੇ ਦੱਸਿਆ ਕਿ ਉਹਦੀ ਮਾਂ ਆਪਣੀ ਬੇਟੀ ਦੇ ਸਕੂਲ ਦੇ ਲੰਚ ਬਾਕਸ (ਦੁਪਿਹਰ ਦਾ ਖਾਣਾ) ਵਿਚ ਰੱਖੇ ਕੇਲਿਆਂ ਤੇ ਹਮੇਸ਼ਾ ਕੋਈ ਨਾ ਕੋਈ ਚੰਗੀ ਜਿਹੀ ਗੱਲ ਲਿਖ ਦਿੰਦੀ ਸੀ।

ਇਕ ਜਵਾਨ ਨੇ ਦੱਸਿਆ ਕਿ ਕਿਵੇਂ ਉਹਦੀ ਦਾਦੀ ਉਹ ਨੂੰ ਗਰਮੀਆਂ ਦੀਆਂ ਛੁੱਟੀਆਂ ਵਿਚ ਸੈਰ ਲਈ ਭੇਜਣ ਲਈ ਹੱਥੀਂ ਮਿਹਨਤ ਕਰਕੇ ਪੈਸੇ ਕਮਾਉਂਦੀ ਸੀ ਅਤੇ ਇਕ ਵਿਦਿਆਰਥਣ ਨੇ ਤਾਂ ਇੱਥੋਂ ਤਕ ਦੱਸਿਆ ਕਿ ਕਿਵੇਂ ਉਹਦੇ ਮਾਂ ਪਿਓ ਨੇ ਇਕ ਵਾਰ ਆਪਣੀ ਬੇਟੀ ਲਈ

ਕਾਲਜ ਦੀਆਂ ਕਿਤਾਬਾਂ ਖਰੀਦਣ ਲਈ ਇਨਾਮ ਵਿਚ ਮਿਲੀ ਆਪਣੀ ਪਿਸਤੌਲ ਹੀ ਵੇਚ ਦਿੱਤੀ ਸੀ।

''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣ ਦੇ ਲੋਕਾਂ ਦੇ ਆਪੋ ਆਪਣੇ ਢੰਗ ਹਨ, ਪਰ ਸਭ ਤੋਂ ਅਹਿਮ ਗੱਲ ਇਹ ਹੈ ਕਿ ਤੁਸੀਂ ਖ਼ੁਦਾ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਿਵੇਂ ਆਖਦੇ ਹੋ? ਇਹ ਇਕ ਨਾਜ਼ੁਕ ਸਵਾਲ ਹੈ ਅਤੇ ਮੇਰਾ ਮੰਨਣਾ ਹੈ ਕਿ ਇਸ ਦਾ ਜਵਾਬ ਸਾਡੇ ਵਚਨ 12: 1-8 ਵਿਚ ਮਰੀਅਮ ਨੇ ਦਿੱਤਾ ਹੈ।

## ਮਰੀਅਮ ਦਾ ਤੋਹਫ਼ਾ

ਸਾਡੀ ਕਹਾਣੀ ਦੀਆਂ ਘਟਨਾਵਾਂ ਯਹੂਦੀਆਂ ਦੇ ਪਰਬ ਪਸਾਹ ਤੋਂ ਛੇ ਦਿਨ ਪਹਿਲਾਂ ਸ਼ੁਰੂ ਹੋਈਆਂ। ਇਸ ਲਈ ਇਹ ਘਟਨਾਵਾਂ ਯਿਸੂ ਦੇ ਜੀਵਨ ਦੇ ਆਖ਼ਰੀ ਹਫ਼ਤੇ ਵਿਚ ਰੱਖੀਆਂ ਗਈਆਂ ਹਨ। ਇੰਜੀਲ ਦੀਆਂ ਚਾਰੇ ਕਿਤਾਬਾਂ ਸੰਕੇਤ ਦਿੰਦੀਆਂ ਹਨ ਕਿ ਯਿਸੂ ਆਖ਼ਰੀ ਵਾਰ ਗਲੀਲ ਤੋਂ ਯਰੂਸ਼ਲਮ ਦੇ ਦੱਖਣ ਵੱਲ ਗਿਆ ਸੀ। ਜਿੱਥੋਂ ਉਹ ਪਹਿਲਾਂ ਵੀ ਯਰੀਹੋ ਵਿੱਚੋਂ ਦੀ ਹੁੰਦਾ ਗਿਆ ਸੀ, ਜਿੱਥੇ ਉਹਨੂੰ ਜ਼ੱਕਈ ਮਿਲਿਆ ਸੀ (ਲੂਕਾ 19: 1-10)। ਸਭ ਨੂੰ ਪਤਾ ਸੀ ਕਿ ਉੱਥੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਹੈ (11:8), ਅਤੇ ਯਿਸੂ ਵੀ ਜਾਣਦਾ ਸੀ ਕਿ ਉਹ ਯਰੂਸ਼ਲਮ ਮਰਨ ਲਈ ਜਾ ਰਿਹਾ ਹੈ।

ਯਿਸੂ ਮਰੀਅਮ, ਮਾਰਥਾ ਅਤੇ ਲਾਜ਼ਰ ਦੇ ਪਿੰਡ ਬੈਤਨੀਆ ਵਿਚ ਆਇਆ। ਇੱਥੇ ਉਹ ਆਪਣੇ ਸਨਮਾਨ ਵਿਚ ਦਿੱਤੇ ਗਏ ਰਾਤ ਦੇ ਖਾਣੇ ਵਿਚ ਭਾਗ ਲੈ ਰਿਹਾ ਸੀ।[1] ਦੱਸਿਆ ਗਿਆ ਹੈ ਕਿ ਉੱਥੇ ਆਏ ਮਹਿਮਾਨਾਂ ਵਿਚ ਲਾਜ਼ਰ ਵੀ ਸੀ। ਇਸ ਰਾਤ ਦੇ ਖਾਣੇ ਲਈ ਮਹਿਮਾਨਾਂ ਦੀ ਲਿਸਟ ਦੀ ਕਲਪਨਾ ਕਰੋ। ਇਸ ਲਿਸਟ ਵਿਚ ''ਮੁਰਦਾ ਲਾਜ਼ਰ'' ਅਤੇ ''ਸ਼ਿਮਊਨ ਕੋੜ੍ਹੀ'' ਵੀ ਸਨ। ਕੋਈ ''ਅੰਨ੍ਹਾ ਯਾਕੂਬ'' ਜਾਂ ਲੰਗੜਾ ਯਹੋਸ਼ੂ'' ਵੀ ਆਇਆ ਹੋ ਸਕਦਾ ਹੈ। ਹਰ ਕਿਸੇ ਕੋਲ ਦੱਸਣ ਲਈ ਆਪਣੀ ਕਹਾਣੀ ਹੋਵੇਗੀ ਕਿ ਯਿਸੂ ਨੇ ਉਹਦੀ ਜ਼ਿੰਦਗੀ ਕਿਵੇਂ ਬਦਲੀ ਸੀ। ਲਾਜ਼ਰ ਦੀ ਮਿਹਨਤੀ ਭੈਣ ਮਾਰਥਾ ਪ੍ਰਾਹੁਣਿਆਂ ਦੀ ਸੇਵਾ ਕਰ ਰਹੀ ਸੀ।

ਖਾਣੇ ਦੌਰਾਨ ਮਰੀਅਮ ਯਿਸੂ ਦੇ ਕੋਲ ਆਈ। ਸਾਡੇ ਖ਼ਿਆਲ ਵਿਚ ਉਹ ਲਾਜ਼ਰ ਦੀਆਂ ਦੋਹਾਂ ਭੈਣਾਂ ਨਾਲੋਂ ਵੱਧ ਜਜ਼ਬਾਤੀ ਹੈ ਜੋ ਆਪਣੇ ਭਰਾ ਦੀ ਮੌਤ ਦੇ ਬਾਅਦ ਬੈਤਨੀਆ ਵਿਚ ਯਿਸੂ ਦੇ ਵਾਪਸ ਆਉਣ ਤੇ ਉਸਦੇ ਪੈਰੀਂ ਡਿੱਗ ਕੇ ਰੋਈ ਸੀ। ਉਸਦੇ ਲਈ ਯਿਸੂ ਇਕ ਚੰਗਾ ਦੋਸਤ, ਇਕ ਨਿਰਾਲਾ ਗੁਰੂ ਅਤੇ ਜ਼ਬਰਦਸਤ ਚੰਗਾਈ ਦੇਣ ਵਾਲਾ ਉਹ ਆਦਮੀ ਸੀ ਜਿਸਨੇ ਉਸਦੇ ਸਭ ਤੋਂ ਵੱਡੇ ਦਰਦ ਨੂੰ ਸਭ ਤੋਂ ਵੱਡੇ ਅਨੰਦ ਵਿਚ ਬਦਲ ਦਿੱਤਾ ਸੀ। ਉਸ ਸ਼ਾਮ ਯਿਸੂ ਲਈ ਉਹਦੀਆਂ ਭਾਵਨਾਵਾਂ ਸ਼ਬਦਾਂ ਵਿਚ ਨਹੀਂ ਦੱਸੀਆਂ ਜਾ ਸਕਦੀਆਂ ਸਨ। ਉਹ ਐਨਾ ਮਹਾਨ, ਐਨਾ ਪਵਿੱਤਰ ਅਤੇ ਐਨਾ ਨਜ਼ਦੀਕ ਸੀ ਫਿਰ ਵੀ ਉਹ ਯਰੂਸ਼ਲਮ ਵਿਚ ਮਰਨ ਲਈ ਜਾ ਰਿਹਾ ਸੀ! ਇਨ੍ਹਾਂ ਸਭ ਨੂੰ ਦਿਮਾਗ਼ ਵਿਚ ਰੱਖਦਿਆਂ, ਮਰੀਅਮ ਨੇ ਮੁਕਤੀਦਾਤੇ ਨੂੰ ਮਸਹ ਕੀਤਾ।

ਯੂਹੰਨਾ ਨੇ ਲਿਖਿਆ ਹੈ, ''ਮਰੀਅਮ ਨੇ ਅੱਧ ਸੇਰ ਮਹਿੰਗ ਮੁੱਲਾ ਜਟਾਮਾਸੀ ਦਾ ਖਰਾ ਅਤਰ ਲੈ ਕੇ ਯਿਸੂ ਦੇ ਚਰਨਾਂ ਨੂੰ ਮਲਿਆ ਅਤੇ ਆਪਣੇ ਵਾਲਾਂ ਨਾਲ ਉਹਦੇ ਚਰਨ ਪੂੰਝੇ ਅਤੇ ਘਰ ਅਤਰ ਦੀ ਬਾਸ਼ਨਾ ਨਾਲ ਭਰ ਗਿਆ'' (12:3)। ਜਟਾਮਾਸੀ ਬਹੁਤ ਹੀ ਮਹਿੰਗਾ ਇਤਰ ਸੀ ਜੋ ਉੱਤਰੀ ਭਾਰਤ ਤੋਂ ਮੰਗਵਾਇਆ ਜਾਂਦਾ ਸੀ। ਇਸ ਨੂੰ ਅਰਧ ਪਾਰਦਰਸ਼ੀ ਜਿਪਸਮ ਦੇ ਜਾਰ ਵਿਚ ਰੱਖਿਆ ਸੀ। ਇਤਰ ਨੂੰ ਕੱਢਣ ਲਈ, ਜਾਰ ਦੇ ਉਤਲੇ ਹਿੱਸੇ ਨੂੰ ਤੋੜਿਆ ਜਾਂਦਾ ਸੀ। ਯੂਹੰਨਾ ਨੇ ਲਿਖਿਆ ਕਿ ਜਾਰ ਵਿਚ ਬਾਰਾਂ ਕੁ ਔਂਸ ਜਟਾਮਾਸੀ ਸੀ, ਜੋ ਮਰੀਅਮ ਨੇ ਯਿਸੂ ਦੇ

ਪੈਰਾਂ ਤੇ ਡੋਲ੍ਹ ਦਿੱਤਾ ਸੀ। ਇਸ ਦੀ ਵਰਤੋਂ ਕਿਸੇ ਖ਼ਾਸ ਮੌਕੇ ਤੇ ਮਹਿਮਾਨਾਂ ਦੇ ਸਿਰਾਂ ਤੇ ਮਸਹ ਕਰਨ ਲਈ ਕੀਤੀ ਜਾਂਦੀ ਸੀ। ਇਸ ਦੀ ਬਜਾਇ ਮਰੀਅਮ ਨੇ ਸਾਰੇ ਦਾ ਸਾਰਾ ਇਤਰ ਯਿਸੂ ਤੇ ਪੈਰਾਂ ਤੇ ਡੋਲ੍ਹ ਦਿੱਤਾ ਅਤੇ ਉਹਦੇ ਪੈਰਾਂ ਨੂੰ ਆਪਣੇ ਵਾਲਾਂ ਨਾਲ ਪੂੰਝਿਆ। ਉਹ ਯਿਸੂ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣ ਦੇ ਚਾਹਵਾਨ ਵੱਲੋਂ ਖ਼ੂਬਸੂਰਤ ਤੋਹਫ਼ਾ ਸੀ।

ਮਰੀਅਮ ਦੇ ਤੋਹਫ਼ੇ ਦੀਆਂ ਖੂਬੀਆਂ ਨੇ ਉਸ ਨੂੰ ਖ਼ਾਸ ਬਣਾ ਦਿੱਤਾ ਸੀ। ਪਹਿਲਾਂ ਤਾਂ ਇਹ ਹੈ ਕਿ ਇਤਰ ਬਹੁਤ ਕੀਮਤੀ ਸੀ। ਯਹੂਦਾ ਨੇ ਇਹ ਧਿਆਨ ਦੁਆਉਂਦਿਆਂ ਕਿ ਉਸ ਇਤਰ ਨੂੰ ਇਕ ਮਜ਼ਦੂਰ ਦੀ ਇਕ ਸਾਲ ਦੀ ਮਜ਼ਦੂਰੀ ਦੇ ਬਰਾਬਰ ਕੀਮਤ ਵਿਚ ਵੇਚਿਆ ਜਾ ਸਕਦਾ ਸੀ, ਉਸ ਦੇ ਇਸ ਕੰਮ ਤੇ ਇਤਰਾਜ਼ ਕੀਤਾ (12:4, 5)। ਇਕ ਯੁੱਗ ਤੋਂ ਦੂਜੇ ਯੁੱਗ ਵਿਚ ਜਾਂ ਇਕ ਥਾਂ ਤੋਂ ਦੂਜੀ ਥਾਂ ਵਿਚ ਪੈਸਿਆਂ ਵਿਚ ਉਹਦਾ ਮੁੱਲ ਦੱਸ ਸਕਣਾ ਔਖਾ ਹੈ, ਪਰ ਇਕ ਸਾਲ ਦੀ ਮਜ਼ਦੂਰੀ ਦੀ ਅਹਿਮੀਅਤ ਨੂੰ ਹਰ ਕੋਈ ਸਮਝ ਸਕਦਾ ਹੈ। ਇੱਨੇ ਮਹਿੰਗੇ ਤੋਹਫ਼ੇ ਨਾਲ ਵੀ ਯਹੂਦਾ ਵਰਗੇ ਦੇ ਦਿਲ ਤੇ ਕੋਈ ਅਸਰ ਨਾ ਹੋਇਆ।

ਦੂਜਾ, ਮਰੀਅਮ ਦਾ ਤੋਹਫ਼ਾ ਆਪਣੇ ਬਾਰੇ ਵਿਚਾਰ ਕੀਤੇ ਬਿਨਾਂ ਦਿੱਤਾ ਗਿਆ ਸੀ। ਕਈ ਵਾਰ ਤੋਹਫ਼ੇ ਦਿੰਦਿਆਂ ਅਸੀਂ ਤੋਹਫ਼ਿਆਂ ਦੇ ਹਾਸਲ ਕਰਨ ਵਾਲੇ ਬਾਰੇ ਸੋਚਣ ਦੇ ਬਜਾਏ ਆਪਣੇ ਬਾਰੇ ਬਹੁਤਾ ਵਿਚਾਰ ਕਰਦੇ ਹਾਂ। ਸਾਨੂੰ ਲੱਗਦਾ ਹੈ, ''ਭਲਾ ਇਹ ਕਾਫ਼ੀ ਹੋਵੇਗਾ?'' ''ਭਲਾ ਉਨ੍ਹਾਂ ਨੂੰ ਚੰਗਾ ਲੱਗੇਗਾ?'' ''ਉਹ ਮੇਰੇ ਬਾਰੇ ਕੀ ਸੋਚਣਗੇ?'' ਪਰ ਮਰੀਅਮ ਬਾਰੇ ਹਰ ਗੱਲ ਇਸ਼ਾਰਾ ਕਰਦੀ ਹੈ ਕਿ ਉਹਦੇ ਮਨ ਵਿਚ ਕੋਈ ਅਜਿਹਾ ਸਵਾਲ ਨਹੀਂ ਹੈ। ਉਹਨੇ ਸਿਰਫ਼ ਯਿਸੂ ਦਾ ਹੀ ਸੋਚਿਆ ਅਤੇ ਉਹਦਾ ਧਿਆਨ ''ਗੁਰੂ'' ਲਈ ਪਿਆਰ ਵਿਖਾਉਣ ਤੇ ਹੀ ਲੱਗਾ ਸੀ। ਆਪਣੇ ਵਾਲਾਂ ਨੂੰ ਖੋਲ੍ਹ ਕੇ ਹੇਠਾਂ ਕਰਨ ਤੋਂ ਇਹ ਪਤਾ ਲੱਗਦਾ ਹੈ ਕਿ ਮਰੀਅਮ ਆਪਣੇ ਆਪ ਨੂੰ ਕਿੰਨੀ ਛੋਟੀ ਸਮਝਦੀ ਸੀ। ਉਸ ਯੁੱਗ ਦੀਆਂ ਯਹੂਦੀ ਔਰਤਾਂ ਅਜਿਹਾ ਕੰਮ ਨਹੀਂ ਕਰ ਸਕਦੀਆਂ ਸਨ, ਪਰ ਮਰੀਅਮ ਦੇ ਵਿਹਾਰ ਤੋਂ ਲੱਗਦਾ ਹੈ ਕਿ ''ਕਿਹਨੂੰ ਪਰਵਾਹ ਹੈ? ਯਿਸੂ ਹੀ ਸਭ ਕੁਝ ਹੈ।''

ਤੀਜਾ, ਮਰੀਅਮ ਦੇ ਤੋਹਫ਼ੇ ਵਿਚ ਹਲੀਮੀ ਸੀ। ਉਸਨੇ ਯਿਸੂ ਦੇ ਸਿਰ ਦਾ ਨਹੀਂ ਸਗੋਂ ਪੈਰਾਂ ਦਾ ਮਸਹ ਕੀਤਾ। ਉਸਨੇ ਉਹਦੇ ਪੈਰਾਂ ਨੂੰ ਪੂੰਝਣ ਲਈ ਤੌਲੀਏ ਜਾਂ ਕੱਪੜੇ ਦੀ ਨਹੀਂ ਬਲਕਿ ਆਪਣੇ ਵਾਲਾਂ ਦੀ ਵਰਤੋਂ ਕੀਤੀ। ਮਰੀਅਮ ਲਈ ਘਮੰਡ ਕੋਈ ਮੁੱਦਾ ਨਹੀਂ ਸੀ। ਉਸ ਦੇ ਲਈ ਤਾਂ ਸਿਰਫ਼ ਯਿਸੂ ਲਈ ਆਪਣਾ ਪਿਆਰ ਵਿਖਾਉਣਾ ਹੀ ਸਭ ਕੁਝ ਸੀ।

ਅਖ਼ੀਰ ਵਿਚ, ਮਰੀਅਮ ਨੇ ਉਹ ਅੱਧਾ ਸੇਰ ਜਟਾਮਾਸੀ ਇਤਰ ਅਸਲ ਵਿਚ ਆਪਣਾ ਦਿਲ ਭੇਂਟ ਕਰਕੇ ਡੋਲ੍ਹ ਦਿੱਤਾ। ਕਈ ਵਾਰ ਅਸੀਂ ਆਪਣੇ ਕਿਸੇ ਅਜ਼ੀਜ਼ ਨੂੰ ਫੁੱਲ, ਛੱਲੇ, ਕੱਪੜੇ, ਜਾਂ ਪੈਸੇ ਦਿੰਦੇ ਹਾਂ। ਹਰ ਹਾਲਤ ਵਿਚ ਅਸੀਂ ਜੋ ਕੁਝ ਵੀ ਦਿੰਦੇ ਹਾਂ ਉਸਦਾ ਮਤਲਬ ਉਸ ਤੋਹਫ਼ੇ ਨਾਲੋਂ ਥੋੜ੍ਹਾ ਵੱਧ ਹੁੰਦਾ ਹੈ ਭਾਵ ਇਸ ਨਾਲ ਸਾਡੇ ਪਿਆਰ ਨੂੰ ਵਿਖਾਉਣ ਦੀ ਇਕ ਕੋਸ਼ਿਸ਼ ਦਾ ਪਤਾ ਲੱਗਦਾ ਹੈ ਮਰੀਅਮ ਦੇ ਇਤਰ ਵਿਚ ਵੀ ਇਹੀ ਗੱਲ ਸੀ। ਇਤਰ ਯਿਸੂ ਨੂੰ ਅਤੇ ਉੱਥੇ ਹਾਜ਼ਰ ਹਰ ਕਿਸੇ ਨੂੰ ਇਹ ਕਹਿਣ ਦਾ ਇਕ ਵਧੀਆ ਤਰੀਕਾ ਸੀ ਕਿ ਉਹ ਨਾਸਰਤ ਦੇ ਆਪਣੇ ਖ਼ਾਸ ਦੋਸਤ ਨਾਲ ਪਿਆਰ ਕਰਦੀ ਸੀ।

## ਸਾਡਾ ਤੋਹਫ਼ਾ

ਮਰੀਅਮ ਵਾਂਗ ਅੱਜ ਤੋਹਫ਼ਾ ਕਿਵੇਂ ਦਿੰਦੇ ਹਾਂ? ਅਸੀਂ ਖ਼ੁਦਾ ਨੂੰ ''ਮੈਂ ਤੈਨੂੰ ਪਿਆਰ

ਕਰਦਾ/ਕਰਦੀ ਹਾਂ'' ਕਿਵੇਂ ਆਖਦੇ ਹਾਂ? ਅਜਿਹੇ ਸਬੰਧ ਲਈ ਕਿਹੋ ਜਿਹਾ ਤੋਹਫ਼ਾ ਸਹੀ ਹੈ? ਬਾਈਬਲ ਤੋਹਫ਼ੇ ਲਈ ਵਿਚਾਰਾਂ ਨਾਲ ਭਰੀ ਪਈ ਹੈ।

ਸ਼ੁਰੂ ਵਿਚ ਅਸੀਂ ਉਸ ਨੂੰ ਆਪਣਾ ਦਿਲ ਦੇ ਸਕਦੇ ਹਾਂ। ਆਖ਼ਰ, ਯਿਸੂ ਅਨੁਸਾਰ ਸਭ ਤੋਂ ਵੱਡਾ ਹੁਕਮ ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰਨ'' ਦਾ ਹੀ ਹੈ (ਮੱਤੀ 22:37)। ਬਾਈਬਲ ਦੇ ਇਕ ਟੀਚਰ ਰੌਬਰਟਸਨ ਮਕਿਊਲਕਨ ਦੀ ਜ਼ਿੰਦਗੀ ਦਾ ਸੱਚਾ ਅਨੁਭਵ ਜਿਸ ਦੀ ਪਤਨੀ ਅਲਜ਼ਾਈਮਰ ਬੀਮਾਰੀ (ਦਿਮਾਗ਼ ਨੂੰ ਪ੍ਰਭਾਵਿਤ ਕਰਨ ਵਾਲੀ ਇਕ ਭਿਆਨਕ ਬੀਮਾਰੀ ਜਿਹੜੀ ਹੌਲੀ ਹੌਲੀ ਯਾਦਦਾਸ਼ਤ ਖ਼ਤਮ ਕਰ ਦਿੰਦੀ ਹੈ) ਨਾਲ ਦੁਖੀ ਸੀ, ਸਾਨੂੰ ਉਸ ਦਿੱਸ਼ਾ ਵੱਲ ਲਿਜਾਂਦਾ ਹੈ ਜਿਸ ਦਾ ਅਰਥ ਸਾਨੂੰ ਆਪਣੇ ਦਿਲ ਖ਼ੁਦਾ ਨੂੰ ਦੇਣਾ ਹੈ। ਮਕਲਿਊਨ ਨੇ ਲਿਖਿਆ:

> ਸੈਮਿਨਰੀ ਦੇ ਪ੍ਰਬੰਧਕਾਂ ਨੇ ਸਾਡੇ ਘਰ ਵਿਚ ਇਕ ਸਾਥੀ ਦੇ ਰਹਿਣ ਦਾ ਪ੍ਰਬੰਧ ਕੀਤਾ ਤਾਂ ਕਿ ਮੈਂ ਹਰ ਰੋਜ਼ ਦਫ਼ਤਰ ਜਾ ਸਕਾਂ। ਉਨ੍ਹਾਂ ਦੋ ਸਾਲਾਂ ਵਿਚ ਮਿਊਰਿਅਲ ਨੂੰ ਘਰ ਰੱਖਣਾ ਔਖਾ ਹੁੰਦਾ ਜਾ ਰਿਹਾ ਸੀ। ਮੇਰੇ ਘਰੋਂ ਨਿੱਕਲਦੇ ਹੀ ਉਹ ਮੇਰੇ ਪਿੱਛੇ ਚਲੀ ਆਉਂਦੀ ਸੀ। ਮੇਰੇ ਨਾਲ ਉਸ ਨੂੰ ਚੰਗਾ ਲੱਗਦਾ ਸੀ, ਮੇਰੇ ਬਗ਼ੈਰ ਉਹ ਨਿਰਾਸ਼ ਹੋ ਜਾਂਦੀ ਸੀ, ਕਈ ਵਾਰ ਤਾਂ ਉਹ ਸਹਿਮ ਵੀ ਜਾਂਦੀ ਸੀ। ਸਕੂਲ ਆਉਣ ਜਾਣ ਲਈ ਘਰ ਤੋਂ ਇਕ ਮੀਲ ਪੈਦਲ ਚੱਲਣਾ ਪੈਂਦਾ ਸੀ। ਉਹ ਦਿਨ ਵਿਚ ਦਸ ਵਾਰ ਆਉਂਦੀ ਜਾਂਦੀ ਸੀ।
>
> ਕਈ ਵਾਰ ਰਾਤ ਨੂੰ, ਉਸ ਦੇ ਕੱਪੜੇ ਬਦਲਣ ਵਿਚ ਉਸ ਦੀ ਮਦਦ ਕਰਨ ਵੇਲੇ ਮੈਨੂੰ ਉਸਦੇ ਲਹੂ ਲੁਹਾਨ ਪੈਰ ਦਿਸਦੇ ਸਨ। ਜਦ ਮੈਂ ਆਪਣੇ ਫੈਮਿਲੀ ਡਾਕਟਰ ਨੂੰ ਦੱਸਿਆ ਤਾਂ ਉਹ ਹੈਰਾਨ ਰਹਿ ਗਿਆ। ''ਐਨਾ ਪਿਆਰ,'' ਉਸ ਨੇ ਸਿਰਫ਼ ਐਨਾ ਹੀ ਆਖਿਆ। ਫਿਰ ਇਕ ਮਿੰਟ ਬਾਅਦ ''ਮੈਨੂੰ ਇਕ ਥਿਊਰੀ ਮਿਲ ਗਈ ਹੈ ਕਿ ਸਾਲਾਂ ਵਿਚ ਇਕ ਵਿਚ ਵਿਕਸਿਤ ਅਜਿਹੇ ਗੁਣ ਸਮਿਆਂ ਵਿਚ ਬਾਹਰ ਆਉਂਦੇ ਹਨ।'' ਕਾਸ਼! ਮੈਂ ਪਰਮੇਸ਼ੁਰ ਨਾਲ ਇਹੋ ਜਿਹਾ ਪਿਆਰ ਕਰ ਸਕਾਂ ਕਿ ਹਰ ਵੇਲੇ ਉਸ ਦੇ ਨੇੜੇ ਰਹਾਂ।[2]

ਪਰਮੇਸ਼ੁਰ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣ ਦਾ ਸਾਫ਼ ਢੰਗ ਉਸ ਨੂੰ ਦੱਸਦਾ ਹੈ ਕਿ ਨਿੱਜੀ ਦੁਆ ਬੰਦਗੀ ਵਿਚ ਇਕੱਠੇ ਹੋਣ ਲਈ ਆ ਕੇ ਅਸੀਂ ਇਹੀ ਕਰਦੇ ਹਾਂ। ਜ਼ਬੂਰਾਂ ਵਿਚ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਪ੍ਰਭੂ ਦੇ ਸਾਹਮਣੇ ਆਪਣੇ ਪਿਆਰ ਨੂੰ ਕਿਵੇਂ ਵਿਖਾ ਸਕਦੇ ਹਾਂ। ਅਸੀਂ ਜ਼ਬੂਰ ਲਿਖਣ ਵਾਲੇ ਦੀ ਨਕਲ ਕਰ ਸਕਦੇ ਹਾਂ: ''ਹੇ ਮੇਰੇ ਪਰਮੇਸ਼ੁਰ, ਹੇ ਬਾਦਸ਼ਾਹ ਮੈਂ ਤੈਨੂੰ ਸਲਾਹਾਂਗਾ, ਤੇਰੇ ਨਾਮ ਨੂੰ ਜੁੱਗੋ ਜੁੱਗ ਮੁਬਾਰਕ ਆਖਾਂਗਾ, ਮੈਂ ਤੈਨੂੰ ਦਿਨੋ ਦਿਨ ਮੁਬਾਰਕ ਆਖਾਂਗਾ, ਅਤੇ ਜੁੱਗੋ ਜੁੱਗ ਤੇਰੇ ਨਾਮ ਦੀ ਉਸਤਤ ਕਰਾਂਗਾ'' (ਜ਼ਬੂਰਾਂ 145:1, 2)।

ਅਪ੍ਰੇਸ਼ਨ ਡੈਜ਼ਰਟ ਸਟੌਰਮ ਵਿਚ, ਜਦ ਅਮਰੀਕਾ ਨੇ ਈਰਾਕ ਤੇ ਹਮਲਾ ਕੀਤਾ ਸੀ ਲੜਾਈ ਦੌਰਾਨ ਸਕੌਟ ਸਪੇਸ਼ਰ ਪਾਇਲਟ ਮਰ ਗਿਆ ਜਿਹੜਾ ਪਿੱਛੇ ਆਪਣੀ ਪਤਨੀ ਅਤੇ ਦੋ ਬੱਚੇ ਛੱਡ ਗਿਆ। ਉਸ ਦੀ ਮੌਤ ਦੇ ਕੁਝ ਹਫ਼ਤੇ ਬਾਅਦ, ਉਸ ਦਾ ਸਮਾਨ ਉਸ ਦੀ ਪਤਨੀ ਨੂੰ

ਵਾਪਸ ਦਿੱਤਾ ਗਿਆ। ਉਸ ਸਮਾਨ ਵਿਚ ਇਕ ਚਿੱਠੀ ਵੀ ਸੀ ਜਿਹੜੀ ਉਸ ਨੇ ਆਪਣੇ ਮਰਨ ਤੋਂ ਇਕ ਦਿਨ ਪਹਿਲਾਂ ਲਿਖੀ ਸੀ, ਪਰ ਡਾਕ ਵਿਚ ਪਾਉਣ ਨੂੰ ਉਹਨੂੰ ਸਮਾਂ ਨਾ ਮਿਲਿਆ। ਇਸ ਚਿੱਠੀ ਵਿਚ ਉਹ ਨੇ ਆਪਣੇ ਦੋਵਾਂ ਬੱਚਿਆਂ ਨੂੰ ਕੁਝ ਲਿਖਿਆ ਸੀ ਅਤੇ ਅਖ਼ੀਰ ਵਿਚ ਆਪਣੀ ਪਤਨੀ ਨੂੰ ਇਹ ਲਾਈਨਾਂ ਲਿਖਦੇ ਹੋਏ ਉਸ ਨੇ ਚਿੱਠੀ ਖ਼ਤਮ ਕੀਤੀ ਸੀ: ''ਤੂੰ ਮੇਰੀ ਜ਼ਿੰਦਗੀ ਦਾ ਸੈਂਟਰਪੀਸ ਹੈਂ। ਮੈਂ ਤੇਰੇ ਨਾਲ ਬਿਲਕੁਲ ਸੰਤੁਸ਼ਟ ਰਿਹਾ ਹਾਂ। ਮੇਰੇ ਜਾਣ ਦੇ ਬਾਅਦ ਫੇਰ ਤੋਂ ਪਿਆਰ ਕਰਨਾ ਸਿੱਖ ਲਵੀਂ''[3] ਕਈ ਵਾਰ ਆਪਣੇ ਪਿਆਰ ਨੂੰ ਸ਼ਬਦਾਂ ਵਿਚ ਕਹਿਣਾ ਸਭ ਤੋਂ ਵੱਡਾ ਤੋਹਫ਼ਾ ਹੋ ਸਕਦਾ ਹੈ!

ਦੂਜਿਆਂ ਨਾਲ ਪਿਆਰ ਕਰਨਾ ਪਰਮੇਸ਼ੁਰ ਲਈ ਸਾਡੇ ਪਿਆਰ ਨੂੰ ਵਿਖਾਉਂਦਾ ਹੈ। ਆਪਣੇ ਗੁਆਂਢੀ ਨੂੰ ਆਪਣੇ ਵਾਂਗ ਪਿਆਰ ਕਰਨਾ ਇਕ ਅਜਿਹਾ ਵਿਚਾਰ ਹੈ ਜਿਸ ਨੂੰ ਪੁਰਾਣੇ ਨੇਮ ਵਿਚ ਦੱਸਿਆ ਗਿਆ ਸੀ।[4] ਜਿਵੇਂ ਇਕ ਪਤੀ ਆਪਣੇ ਬੱਚਿਆਂ ਨੂੰ ਪਿਆਰ ਕਰਕੇ ਆਪਣੀ ਪਤਨੀ ਨੂੰ ਪਿਆਰ ਵਿਖਾਉਂਦਾ ਹਾਂ, ਇਕ ਦੂਜੇ ਨਾਲ ਪਿਆਰ ਕਰਕੇ ਅਸੀਂ ਪਰਮੇਸ਼ੁਰ ਨੂੰ ਆਖਦੇ ਹਾਂ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ।''

ਬਾਈਬਲ ਵੀ ਐਲਾਨ ਕਰਦੀ ਹੈ ਕਿ ਅਸੀਂ ਪਰਮੇਸ਼ੁਰ ਲਈ ਆਪਣੇ ਪਿਆਰ ਨੂੰ ਦੂਸਰਿਆਂ ਨਾਲ ਗੱਲਬਾਤ ਕਰਕੇ ਵਿਖਾ ਸਕਦੇ ਹਾਂ। ਇਸ ਨੂੰ ''ਇਕਰਾਰ'' ਕਿਹਾ ਜਾਂਦਾ ਹੈ। ਯਿਸੂ ਨੇ ਕਿਹਾ:

> ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ ਉਹ ਦਾ ਇਕਰਾਰ ਕਰਾਂਗਾ। ਪਰ ਜੇ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ ਉਹ ਦਾ ਇਨਕਾਰ ਕਰਾਂਗਾ (ਮੱਤੀ 10:32, 33)।

ਪਰਮੇਸ਼ੁਰ ਲਈ ਆਪਣੇ ਪਿਆਰ ਨੂੰ ਦੂਸਰਿਆਂ ਨੂੰ ਦੱਸਣਾ ਪਰਮੇਸ਼ੁਰ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣ ਦਾ ਦੂਜਾ ਢੰਗ ਹੈ।

ਖ਼ੁਦਾ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣਾ ਸ਼ਾਇਦ ਸਭ ਤੋਂ ਔਖਾ ਹੈ, ਜਿਸ ਤੋਂ ਅਸੀਂ ਬਚ ਸਕਦੇ ਅਤੇ ਜੇ ਅਸੀਂ ਸਚਮੁਚ ਪ੍ਰਭੂ ਨੂੰ ਪਿਆਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਉਹਦੀ ਗੱਲ ਮੰਨਣੀ ਪਵੇਗੀ। ਯੂਹੰਨਾ ਨੇ ਲਿਖਿਆ, ''ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ, ਅਤੇ ਉਹ ਦੇ ਹੁਕਮ ਔਖੇ ਨਹੀਂ ਹਨ'' (1 ਯੂਹੰਨਾ 5:3)। ਕਈ ਵਾਰ ਲੋਕ ਇਹੀ ਸੁਣਨਾ ਪਸੰਦ ਨਹੀਂ ਕਰਦੇ, ਪਰ ਉਸਨੂੰ ਖੁਸ਼ ਕਰਨ ਲਈ ਸਾਨੂੰ ਉਹਦੇ ਹੁਕਮ ਮੰਨਣੇ ਹੀ ਪੈਣਗੇ।

ਹੁਕਮ ਮੰਨਣ ਦੇ ਸਾਫ਼ ਅਤੇ ਵਿਹਾਰਕ ਸੁਭਾਅ ਨਾਲ ਸਾਡੀ ਮੁਸ਼ਕਲ ਇਕ ਆਦਮੀ ਅਤੇ ਔਰਤ ਦੀ ਇਸ ਕਹਾਣੀ ਵਿਚ ਵੇਖੀ ਜਾ ਸਕਦੀ ਹੈ। ਆਦਮੀ ਬਹੁਤ ਬੀਮਾਰ ਸੀ, ਸੋ ਇਕ ਦਿਨ ਉਸਦੀ ਪਤਨੀ ਆਪਣੇ ਪਤੀ ਦੀ ਹਾਲਤ ਦੱਸਣ ਲਈ ਡਾਕਟਰ ਕੋਲ਼ ਗਈ। ਡਾਕਟਰ ਨੇ ਉਸ ਔਰਤ ਨੂੰ ਪਾਸੇ ਲਿਜਾ ਕੇ ਦੱਸਿਆ, ''ਤੇਰਾ ਪਤੀ ਜੇ ਰੋਜ਼ ਤਿੰਨ ਵਾਰੀ ਘਰ ਦਾ ਬਣਿਆ ਸਾਫ਼ ਖਾਣਾ ਖਾਏ ਤਾਂ ਉਹ ਮਰ ਜਾਵੇਗਾ। ਇਸ ਦੇ ਇਲਾਵਾ ਉਹਦੀ ਜ਼ਿੰਦਗੀ ਵਿਚ ਤਣਾਅ ਘੱਟ ਕਰਨ ਲਈ ਤੈਨੂੰ ਉਸਦੇ ਨਾਲ ਨਰਮਾਈ ਅਤੇ ਦਿਆ ਨਾਲ ਪੇਸ਼ ਆਉਣਾ ਪਵੇਗਾ। ਅਖ਼ੀਰ ਵਿਚ, ਰੋਗਾਣੂਆਂ ਨਾਲ ਲੜਨ ਦੀ ਉਹਦੀ ਸ਼ਕਤੀ ਘੱਟ ਹੋਣ ਕਰਕੇ, ਘਰ ਸਾਫ਼

ਸੁਥਰਾ ਹੋਣਾ ਜ਼ਰੂਰੀ ਹੈ।'' ਆਪਣੇ ਪਤੀ ਕੋਲ਼ ਆ ਕੇ ਉਸ ਔਰਤ ਨੇ ਜੋ ਉਸ ਤੋਂ ਇਹ ਸੁਣਨ ਲਈ ਉਤਾਵਲਾ ਸੀ ਕਿ ਡਾਕਟਰ ਨੇ ਕੀ ਕਿਹਾ, ''ਡਾਕਟਰ ਨੇ ਕਿਹਾ ਹੈ ਕਿ ਤੁਸੀਂ ਮਰਨ ਵਾਲੇ ਹੋ।'' ਖ਼ੁਦਾ ਨਾਲ ਪਿਆਰ ਕਰਨਾ ਇਹ ਕਹਿਣ ਤੋਂ ਕਿਤੇ ਵੱਧ ਹੈ ਕਿ ਅਸੀਂ ਖ਼ੁਦਾ ਨੂੰ ਪਿਆਰ ਕਰਦੇ ਹਾਂ; ਇਸ ਲਈ ਉਸ ਦਾ ਹੁਕਮ ਮੰਨਣਾ ਜ਼ਰੂਰੀ ਹੈ, ਜਿਵੇਂ ਪਿਆਰ ਕਰਨ ਵਾਲੇ ਮਾਂ ਪਿਓ, ਪਤੀ ਪਤਨੀ ਜਾਂ ਬੱਚਿਆਂ ਲਈ ਸਿਰਫ਼ ਪਿਆਰ ਦੀਆਂ ਗੱਲਾਂ ਕਰਨਾ ਹੀ ਕਾਫ਼ੀ ਨਹੀਂ ਹਨ।

ਖ਼ੁਦਾ ਨੂੰ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹਿਣ ਦੇ ਇਹ ਕੁਝ ਢੰਗ ਹਨ। ਤੁਹਾਨੂੰ ਪਤਾ ਹੈ ਕਿ ਪਰਮੇਸ਼ੁਰ ਸਾਨੂੰ ''ਮੈਂ ਤੈਨੂੰ ਪਿਆਰ ਕਰਦਾ ਹਾਂ'' ਕਿਵੇਂ ਆਖਦਾ ਹੈ?

## ਖ਼ੁਦਾ ਦਾ ਤੋਹਫ਼ਾ

ਮਰੀਅਮ ਦੇ ਯਿਸੂ ਨੂੰ ਮਸਹ ਕਰਨ ਅਤੇ ਖਾਣੇ ਦੇ ਬਾਅਦ, ਯਿਸੂ ਯਰੂਸ਼ਲਮ ਵੱਲ ਤੁਰ ਪਿਆ। ਉਹ ਜਾਣਦਾ ਸੀ ਕਿ ਉਹ ਕਿੱਥੇ ਜਾ ਰਿਹਾ ਹੈ। ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਉਹਦਾ ਇਹ ਜਾਣਾ ਆਖ਼ਰੀ ਹੋਵੇਗਾ ਅਤੇ ਯਹੂਦੀ ਆਗੂ ਉਹਨੂੰ ਮਾਰਨ ਲਈ ਪੱਕਾ ਮਨ ਬਣਾ ਚੁੱਕੇ ਹਨ। ਉਸਦੀ ਮੌਤ ਕੋਈ ਐਕਸੀਡੈਂਟ ਨਹੀਂ ਸੀ। ਪਹਿਲਾਂ ਵੀ ਉਸ ਨੇ ਕਿਹਾ ਸੀ:

> ਪਿਤਾ ਮੈਨੂੰ ਇਸ ਲਈ ਪਿਆਰ ਕਰਦਾ ਹੈ ਕਿ ਮੈਂ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ। ਕੋਈ ਉਸ ਨੂੰ ਮੈਥੋਂ ਖੋਹੰਦਾ ਨਹੀਂ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ। ਮੇਰਾ ਇਖ਼ਤਿਆਰ ਹੈ ਜੋ ਉਹ ਨੂੰ ਦੇਵਾਂ ਅਤੇ ਮੇਰਾ ਅਖ਼ਤਿਆਰ ਹੈ ਜੋ ਉਹ ਨੂੰ ਫੇਰ ਲਵਾਂ। ਇਹ ਹੁਕਮ ਮੈਂ ਆਪਣੇ ਪਿਤਾ ਕੋਲੋਂ ਪਾਇਆ ਹੈ (1 ਯੂਹੰਨਾ 10:17, 18)।

ਯਿਸੂ ਆਪਣੀ ਮਰਜ਼ੀ ਨਾਲ, ਸੰਸਾਰ ਨੂੰ ਸਭ ਤੋਂ ਵੱਡਾ ਤੋਹਫ਼ਾ ਦੇਣ ਲਈ ਬੈਤਨੀਆ ਤੋਂ ਨਿਕਲਿਆ। ਅਗਲੇ ਕੁਝ ਦਿਨਾਂ ਵਿਚ, ਯਿਸੂ ਨੇ ਪਾਪਾਂ ਲਈ ਸਲੀਬ ਤੇ ਮਰਨਾ ਸੀ। ਯਿਸੂ ਨੂੰ ਦਿੱਤੇ ਗਏ ਮਰੀਅਮ ਦੇ ਤੋਹਫ਼ੇ ਦੀ ਕਹਾਣੀ ਬੜੀ ਸ਼ਾਨਦਾਰ ਹੈ, ਪਰ ਸਲੀਬ ਤੇ ਕਿਸੇ ਦੀ ਜਾਨ ਦੇਣ ਦੀ ਘਟਨਾ ਦੇ ਮੁਕਾਬਲੇ ਇਸ ਦੀ ਅਹਿਮੀਅਤ ਘੱਟ ਹੋ ਜਾਂਦੀ ਹੈ!

## ਸਾਰ

ਯਿਸੂ ਦੀ ਮੌਤ ਦੇ ਬਾਅਦ, ਉਹਦੀ ਲਾਸ਼ ਨੂੰ ਇਕ ਕਬਰ ਵਿਚ ਰੱਖਿਆ ਗਿਆ, ਜਿੱਥੋਂ ਉਹ ਤਿੰਨ ਦਿਨਾਂ ਬਾਅਦ ਜੀ ਉਠਿਆ। ਪੌਲੁਸ ਨੇ ਇਨ੍ਹਾਂ ਘਟਨਾਵਾਂ ਦੀ ਅਹਿਮੀਅਤ ਨੂੰ ਇਹ ਕਹਿ ਕੇ ਸੰਖੇਪ ਕਰ ਦਿੱਤਾ ਕਿ ਯਿਸੂ ''ਜਿਹੜਾ ਸਾਡੇ ਅਪਰਾਧਾਂ ਦੇ ਕਾਰਨ ਫੜਵਾਇਆ ਗਿਆ ਅਤੇ ਸਾਨੂੰ ਧਰਮੀ ਠਹਿਰਾਉਣ ਲਈ ਜਿਵਾਲਿਆ ਗਿਆ'' (ਰੋਮੀਆਂ 4:25)। ਪਰਮੇਸ਼ੁਰ ਕਈ ਤਰ੍ਹਾਂ ਨਾਲ ਪਰ ਖ਼ਾਸ ਰੂਪ ਵਿਚ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਨਾਲ ਸਾਡੇ ਵਿੱਚੋਂ ਹਰ ਕਿਸੇ ਨੂੰ ਆਖਦਾ ਹੈ, ''ਮੈਂ ਤੁਹਾਨੂੰ ਪਿਆਰ ਕਰਦਾ ਹਾਂ।'' ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਇਹ ਸੰਖੇਪ ਪਹਿਲਾਂ ਹੀ ਬਣਾਇਆ ਗਿਆ ਸੀ, ਜਿਵੇਂ ਯੂਹੰਨਾ ਨੇ ਲਿਖਿਆ ਹੈ, ''ਕਿਉਂਕਿ ਪਰਮੇਸ਼ਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਜਾਵੇ'' (3:16)।

ਕੀ ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ? ਜੇ ਕਰਦੇ ਹੋ, ਤਾਂ ਤੁਸੀਂ ਉਸ ਪਿਆਰ ਨੂੰ ਕਿਵੇਂ ਵਿਖਾ ਸਕਦੇ ਹੋ? ਸ਼ਾਇਦ ਤੁਹਾਨੂੰ ਪਾਪ ਤੋਂ ਮੁੜ ਕੇ ਅਤੇ ਮਸੀਹ ਵਿਚ ਬਪਤਿਸਮਾ ਲੈ ਕੇ ਆਪਣੇ ਪਿਆਰ ਨੂੰ ਵਿਖਾਉਣ ਦੀ ਲੋੜ ਹੈ (ਰਸੂਲਾਂ ਦੇ ਕੰਮ 2:38)। ਸ਼ਾਇਦ ਤੁਹਾਨੂੰ ਉਸ ਸ਼ਰ੍ਹਾ ਵੱਲ ਵਾਪਸ ਆ ਕੇ ਜਿਸ ਨੂੰ ਕਦੇ ਤੁਸੀਂ ਚੁਣਿਆ ਸੀ ਪਰ ਉਸ ਤੋਂ ਫਿਰ ਗਏ ਸਾਓ, ਦੁਬਾਰਾ ਆਪਣੇ ਪਿਆਰ ਨੂੰ ਵਿਖਾਉਣ੍ਪ੍ਰਗਟ ਕਰਨ ਦੀ ਲੋੜ ਹੈ। ਸ਼ਾਇਦ ਤੁਹਾਨੂੰ ਪਰਮੇਸ਼ੁਰ ਨੂੰ ਸਿਰਫ਼ ਇਹ ਕਿਹਿ ਕੇ ਕਿ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਆਪਣਾ ਪਿਆਰ ਜ਼ਾਹਿਰ ਕਰਨ ਦੀ ਲੋੜ ਹੈ। ਮਰੀਅਮ ਸਾਨੂੰ ਰਾਹ ਵਿਖਾਉਂਦੀ ਹੈ। ਕੀ ਤੁਸੀਂ ਅੱਜ ਪ੍ਰਭੂ ਤੋਂ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਕਹੋਗੇ?

---

ਟਿੱਪਣੀਆਂ

[1]ਮੱਤੀ 26:6 ਅਤੇ ਮਰਕੁਸ 14:3 ਵਿਚ ਇਹ ਘਟਨਾ ਸ਼ਿਮਓਨ ਕੋੜ੍ਹੀ ਦੇ ਘਰ ਵਿਚ ਮਿਲਦੀ ਹੈ। [2]ਰੌਬਰਟਸਨ ਮਕਿਉਲਕਨ, ''ਰੀਪੇਇੰਗ ਏ ਫੋਰ-ਈਅਰ ਡੈੱਟ,'' *ਲੀਡਰਸ਼ਿਪ* (ਸਮਰ 1993): 43. [3]ਜੈਰੀ ਡੀ. ਟਵੰਟੀਅਰ, *ਦਿ ਪਾਜ਼ਿਟਿਵ ਪ੍ਰੇਇੰਗ ਪੀਪਲ* (ਨੈਸ਼ੱਵਿੱਲੇ: ਥੌਮਸ ਨੈਲਸਨ ਪਬਿਲਸ਼ਰਜ਼, 1994), ਪੰਨਾ ਰਹਿਤ। [4]ਲੇਵੀਆਂ 19:18; ਮੱਤੀ 22:39.